| | | | |
|---|---|---|---|
| <?xml version="1.0" ?> | | | |
| <?xml-stylesheet type="text/css" href="home.css"?> | | | |
| <Doc id="pun-w-media- | PN00002 | " | lang="Punjabi"> |
| <Header type="text"> | | | |
| <encodingDesc> | | | |
| <projectDesc> | CIIL-Punjabi Corpora, Monolingual Written Text | | </projectDesc> |
| <samplingDesc> | Simple written text only has been transcribed. Diagrams, pictures, tables and verses have been omitted. Samples taken from page 10, 20, 30, 40-41, 50, 60, 70, 81-82, 90, 100, 112, 120 | | </samplingDesc> |
| </encodingDesc> | | | |
| <sourceDesc><br><biblStruct><br><source> | | N.R.L.C. Library | |
| | <category> | Social Sciences | </category> |
| | <subcategory> | Folk lore | </subcategory> |
| | <text> | Book | </text> |
| | <title> | pam'jAbI sAhita itahAsa dIAM lOka-ruRhIAM | </title> |
| | <vol> | | </vol> |
| | <issue> | | </issue> |
| </source> | | | |
| <textDes> | | | |
| | <type> | | </type> |
| | <headline> | | </headline> |
| | <author> | Dr. Sa: sa: vaNajArA bEdI | </author> |
| | <words> | 2888 | </words> |
| </textDes> | | | |
| <imprint> | | | |
| | <pubPlace> | New Delhi | </pubPlace> |
| | <publisher> | lOka prakAshana | </publisher> |
| | <pubDate> | 1982 | </pubDate> |
| </imprint> | | | |
| <idno type="CIIL code"> | | 10622 | </idno> |
| <index> | | PN00002 | </index> |
| </biblStruct><br></sourceDesc> | | | |
| <profileDesc><br><creation> | | | |

| | | | |
|---|---|---|---|
| | <date> | 29-May-2009 | </date> |
| | <inputter> | Harjinder Singh | </inputter> |
| | <proof> | Sarbjeet Kaur | </proof> |
| </creation> | | | |
| <langUsage> | | Punjabi | </langUsage> |
| <wsdUsage> | | | |
| <writingSystem id="ISO/IEC 10646">Universal Multiple-Octet Coded Character Set (UCS). </writingSystem> | | | |
| </wsdUsage> | | | |
| <textClass> | | | |
| <channel mode="w"> | | print | </channel> |
| <domain type="public"> | | | </domain> |
| </textClass><br></profileDesc><br></Header> | | | |
| <text><body> | | | |

| | | |
|---|---|---|
| <p> | ਜਦੋਂ ਤੱਕ ਇਨ੍ਹਾਂ ਤਿੰਨਾਂ ਬੁਨਿਆਦੀ ਗੱਲਾਂ ਦਾ ਨਿਖੇੜ ਨਹੀਂ ਕਰ ਲਿਆ ਜਾਂਦਾ ਅਤੇ ਉਸ ਤੋਂ ਨਿਕਲੇ ਅਹਿਮ ਸਿੱਟਿਆਂ ਨੂੰ, ਆਧਾਰ ਬਣਾ ਕੇ, ਸਾਹਿਤ ਦਾ ਇਤਿਹਾਸ ਨਹੀਂ ਲਿਖਿਆ ਜਾਂਦਾ ਉਦੋਂ ਤੱਕ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਇਕਾਗਰ ਹੋਂਦ ਪਛਾਣੀ ਨਹੀਂ ਜਾ ਸਕਦੀ । ਇਸ ਤਰ੍ਹਾਂ ਦਾ ਇਤਿਹਾਸ ਆਪਣੇ ਆਪ ਵਿਚ ਇਕ ਨਿਗਰ ਸ਼ਕਤੀ ਅਤੇ ਪ੍ਰੇਰਨਾ ਬਣ ਸਕਦਾ ਹੈ । ਇਸ ਲਈ ਇਨ੍ਹਾਂ ਬੁਨਿਆਦੀ ਗੱਲਾਂ ਉਪਰ ਇਥੇ ਚਰਚਾ ਕਰਨੀ ਜ਼ਰੂਰੀ ਹੈ । | </p> |
| <p> | ਗੱਲ ਅਸੀਂ ਪੰਜਾਬੀ ਦੀ ਸਾਹਿਤਕ ਮਾਨਸਿਕਤਾ ਤੋਂ ਆਰੰਭ ਕਰਦੇ ਹਾਂ । ਪੰਜਾਬੀ ਭਾਸ਼ਾ ਲੋਕ-ਬੋਲੀ ਦੇ ਰੂਪ ਵਿਚ ਹੋਂਦ ਵਿਚ ਆਈ ਅਤੇ ਵਿਗਸੀ । ਜਦੋਂ ਇਸ ਭਾਸ਼ਾ ਵਿਚ ਵਸ਼ਿਸ਼ਟ ਪੱਧਰ ਉਪਰ ਸਾਹਿਤ ਸਿਰਜਿਆ ਜਾਣ ਲਗਾ ਤਾਂ ਉਦੋਂ ਤਕ ਇਕ ਤਾਂ ਇਸ ਬੋਲੀ ਵਿਚ ਕਾਫੀ ਮਾਤਰਾ ਵਿਚ ਲੋਕ-ਸਾਹਿਤ ਉਪਲੱਬਧ ਸੀ, ਜਿਸ ਦਾ ਲੋਕਧਾਰਾਈ ਤੱਤਾਂ ਅਤੇ ਰੂੜ੍ਹੀਆਂ ਨਾਲ ਓਤਪੋਤ | </p> |

| | | |
|---|---|---|
| | ਹੋਣਾ ਸਹਿਜ ਸੀ । ਦੂਜਾ, ਰੀਤ (ਅਨੁਸ਼ਠਾਨ) ਤੇ ਲੋਕ-ਕਾਵਿ ਦੀ ਇਕਾਗਰਤਾ ਸਦਕਾ ਉਹ ਸਾਹਿਤ ਪੰਜਾਬੀ ਜੀਵਨ ਵਿਹਾਰ ਦਾ ਅਨਿਖੜ ਅੰਗ ਸੀ, ਜਾਂ ਇਉਂ ਕਹਿ ਲਓ ਕਿ ਲੋਕ-ਪ੍ਰਤਿਭਾ ਪੰਜਾਬੀ ਬੋਲੀ ਅਤੇ ਸਾਹਿਤ ਦਾ ਰੂਪ, ਸੰਸਕ੍ਰਿਤੀ ਤੇ ਮੁਹਾਂਦਰਾ ਘੜ ਚੁੱਕੀ ਸੀ । ਇਸ ਲਈ ਪੰਜਾਬੀ ਦੀ ਸਾਹਿਤਕ ਪ੍ਰਤਿਭਾ ਦਾ ਇਸ ਲੋਕ-ਪ੍ਰਤਿਭਾ ਦੀ ਅਨੁਭੂਤੀ ਉਪਰ ਉਸਰਨਾ ਸੁਭਾਵਿਕ ਸੀ । ਫਲਸਰੂਪ ਪੰਜਾਬੀ ਦੀ ਸਾਹਿਤਕ ਮਾਨਸਿਕਤਾ ਲੋਕਧਾਰਾਈ ਬਿਰਤੀ ਦੀ ਬਣ ਗਈ। | |
| <p> | ਲੋਕਧਾਰਾਈ ਬਿਰਤੀ ਵਾਲੀ ਸਾਹਿਤਕ ਮਾਨਸਿਕਤਾ ਉਪਰ ਲੋਕ-ਮਨ ਦੀਆਂ ਪ੍ਰਵਿਰਤੀਆਂ ਦੀ ਡੂੰਘੀ ਛਾਪ ਹੁੰਦੀ ਹੈ । ਅਜਿਹੀ ਮਾਨਸਿਕਤਾ ਵਿਚ ਪੌਰਾਣਿਕ ਤੇ ਮਿਥੀਕਲ ਪ੍ਰਵਿਰਤੀ, ਟੂਣਾ ਸੰਕਲਪ, ਆਤਮਸ਼ੀਲ ਚਿੰਤਨ, ਅਨੁਸ਼ਠਾਨਿਕ-ਪ੍ਰਵਿਰਤੀ ਅਤੇ ਪ੍ਰਤਿਰੂਪ (Replica) ਦ੍ਰਿਸ਼ਟੀ ਸੰਘਣੇ ਤੱਤ ਬਣ ਕੇ ਫ਼ੈਲੀ ਰਹਿੰਦੀ ਹੈ। | </p> |
| <p> | ਇਸ ਦੇ ਉਲਟ, ਕਵੀਸ਼ਰੀ ਵਿਚ ਲੋਕ-ਮਨ ਦੀ ਹੀ ਅਭਿਵਿਅਕਤੀ ਪ੍ਰਧਾਨ ਰਹਿੰਦੀ ਹੈ। ਕਵੀਸ਼ਰੀ ਵਿਚ ਕਵੀ ਦੀ ਆਪਣੀ ਪ੍ਰਤਿਭਾ ਦੀ ਥਾਂ ਲੋਕ-ਪ੍ਰਤਿਭਾ ਦਾ ਪਾਸਾਰ ਹੋਣ ਕਰਕੇ, ਉਸਦੀ ਰਚਨਾ ਲੋਕ-ਕਲਪਨਾ ਅਤੇ ਲੋਕ-ਅਨੁਭਵ ਦਾ ਹੀ ਮਿੱਸਾ ਜਿਹਾ ਪ੍ਰਕਾਸ਼ ਹੈ। ਕਵੀਸ਼ਰ ਸਮੂਹ ਦਾ ਅੰਗ ਬਣ ਕੇ ਆਪਣੀ ਵੱਖਰੀ ਹੋਂਦ ਤਿਆਗ ਦੇਂਦਾ ਹੈ ਅਤੇ ਉਹ ਲੋਕ-ਧਾਰਨਾਵਾਂ ਅਤੇ ਸੰਕਲਪਾਂ ਨੂੰ ਹੀ ਅਭਿਵਿਅਕਤੀ ਦੇਂਦਾ ਹੈ । ਇਸ ਤਰ੍ਹਾਂ ਕਵੀਸ਼ਰ ਕਿਸੇ ਲੋਕ-ਬਿੰਬ ਨੂੰ ਕਾਵਿ-ਬਿੰਬ ਵਿਚ | </p> |

| | | |
|---|---|---|
| | ਉਤਾਰਨ ਦਾ ਮਾਧਿਅਮ ਹੈ, ਉਹ ਸਿਰਜਕ ਨਾਲੋਂ ਪੇਸ਼ਕਾਰ ਵਧੇਰੇ ਹੈ। | |
| <p> | ਕਵੀਸ਼ਰੀ ਵਿਚ ਪੇਸ਼ਕਾਰੀ ਲੋਕ-ਬੋਲੀ ਅਤੇ ਮੁਹਾਵਰੇ ਵਿਚ ਕੀਤੀ ਜਾਂਦੀ ਹੈ, ਪਰ ਸਾਹਿਤਕ ਰਚਨਾ ਵਿਚ ਲੋਕ ਬੋਲੀ ਤੇ ਮੁਹਾਵਰੇ ਨੂੰ ਮਾਂਝ ਲਿਸ਼ਕਾ ਕੇ ਉਸ ਨੂੰ ਸਾਹਿਤਕ ਸਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। | </p> |
| <p> | ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਵੀਸ਼ਰੀ ਸਾਹਿਤਕ-ਕਾਵਿ ਅਤੇ ਲੋਕ-ਕਾਵਿ ਦੇ ਦਰਮਿਆਨ ਦੀ ਵਸਤੂ ਹੈ, ਪਰ ਇਕ ਗੱਲ ਦੇ ਬਾਵਜੂਦ ਤਿੰਨਾਂ ਪਰੰਪਰਾਵਾਂ ਵਿਚ ਕੋਈ ਵਿਗਿਆਨਕ ਨਿਖੇੜ ਸੰਭਵ ਨਹੀਂ, ਕਿਉਂ ਜੋ ਕਵੀਸ਼ਰਾਂ ਦੀਆਂ ਕਈ ਕਿਰਤਾਂ ਲੋਕ-ਕਾਵਿ ਵਿਚ ਰਲ-ਮਿਲ ਕੇ ਪਰੰਪਰਾ ਬਣ ਗਈਆਂ ਹਨ ਅਤੇ ਦੂਜੇ ਪਾਸੇ ਕਈ ਕਵੀਸ਼ਰ ਸਾਹਿਤਕ ਪਿੜ ਵਿਚ ਵੀ ਪ੍ਰਵੇਸ਼ ਕਰ ਗਏ ਹਨ। | </p> |
| <p> | ਕਵੀਸ਼ਰੀ ਆਪਣੇ ਵਿਸ਼ੇਸ਼ ਲੱਛਣਾ ਕਾਰਨ ਹੀ ਨਿਖੇੜੀ ਜਾ ਸਕਦੀ ਹੈ, ਇਸ ਲਈ ਉਨ੍ਹਾਂ ਲੱਛਣਾਂ ਬਾਰੇ ਚਰਚਾ ਕਰਨੀ ਜ਼ਰੂਰੀ ਹੈ :- | </p> |
| <p> | (ੳ) ਪਰੰਪਰਾਗਤ ਵਸਤੂ :- ਕਵੀਸ਼ਰ ਆਮ ਤੌਰ ਤੇ ਆਪਣੀ ਵਸਤੂ ਲੋਕਧਾਰਾ ਜਾਂ ਉਹਦੇ ਕਿਸੇ ਪੱਖ ਪਸਾਰ ਵਿਚੋਂ ਲੈਂਦਾ ਹੈ । ਬਹੁਤੀ ਵਾਰ ਕੋਈ ਲੋਕ-ਕਹਾਣੀ ਜਾਂ ਦੰਦ-ਕਥਾ (Legend) ਹੀ ਉਨ੍ਹਾਂ ਦੀ ਕਾਵਿ-ਵਸਤੂ ਬਣਦੀ ਹੈ । | </p> |
| <p> | ਕਵਿਤਾ ਅਤੇ ਸੰਸਕ੍ਰਿਤੀ ਵਿਚ ਲਹੂ ਮਾਸ ਦਾ ਰਿਸ਼ਤਾ ਹੈ ਅਤੇ ਇਕ ਦਾ ਦੂਜੇ ਪ੍ਰਤੀ ਅਦਾਨ ਪ੍ਰਦਾਨ ਇਕ ਸਹਿਜ ਪ੍ਰਕ੍ਰਿਆ ਹੈ ਜੇ | </p> |

| | | |
|---|---|---|
| | ਵੇਖਿਆ ਜਾਵੇ ਤਾਂ ਕਵਿਤਾ ਸੰਸਕ੍ਰਿਤੀ ਦੀ ਹੀ ਇਕ ਕਲਾ-ਰੂੜ੍ਹੀ ਹੈ । ਸੰਸਕ੍ਰਿਤੀ ਅਨੇਕਾਂ ਰੂੜ੍ਹੀਆਂ ਤੇ ਤੱਤਾਂ ਦੀ ਹੀ ਵਿਆਪਕ ਜਟਿਲ ਬੁਣਤੀ ਦਾ ਸਮੁਚ ਹੈ, ਜਿਸ ਵਿਚ ਕਾਵਿ ਇਕ ਬਲਵਾਨ ਕਲਾ ਰੂੜ੍ਹੀ ਵਾਂਗ ਫੈਲੀ ਹੁੰਦੀ ਹੈ। ਭਾਵੇਂ ਕਾਵਿ ਸੰਸਕ੍ਰਿਤੀ ਦਾ ਹੀ ਇਕ ਗੌਰਵਮਈ ਅੰਸ਼ ਹੈ, ਪਰ ਸੰਸਕ੍ਰਿਤੀ ਦੀ ਅਸਲੀ ਨੁਹਾਰ ਇਸੇ ਕਾਵਿ-ਅੰਸ਼ਾਂ ਵਿਚੋਂ ਹੀ ਪ੍ਰਤਿਬਿੰਬਤ ਹੁੰਦੀ ਹੈ। ਕਾਵਿ ਸੰਸਕ੍ਰਿਤੀ ਵਿਚੋਂ ਜਨਮ ਲੈਂਦੀ ਹੈ ਤੇ ਫਿਰ ਆਪਣੇ ਸੁਹਜ ਤੇ ਸਮਰਥਾ ਨਾਲ ਸੰਸਕ੍ਰਿਤੀ ਨੂੰ ਸਮਰਿਧੀ ਵੀ ਬਖਸ਼ਦੀ ਹੈ। ਇਸ ਲਈ ਕਿਸੇ ਵੀ ਜਾਤੀ ਦੀ ਕਾਵਿ ਦੇ ਮੂਲ ਸੰਸਕਾਰ ਉਸ ਦੀ ਸੰਸਕ੍ਰਿਤੀ ਵਿਚੋਂ ਹੀ ਲੋੜੇ ਜਾ ਸਕਦੇ ਹਨ । | |
| <p> | ਪੰਜਾਬੀ ਆਪਣੀ ਸੰਸਕ੍ਰਿਤੀ ਪ੍ਰਤੀ ਕੁਝ ਵਧੇਰੇ ਸਿਦਕਵਾਨ ਰਹੇ ਹਨ ਅਤੇ ਉਨ੍ਹਾਂ ਦਾ ਸਾਰਾ ਕਲਾਤਮਿਕ ਅਭਵਿਅਕਤ ਭਾਵੇਂ ਉਹ ਸਾਹਿਤਕ ਰੂਪ-ਵਿਧਾ (genre) ਵਿਚ ਹੋਇਆ ਹੋਵੇ ਤੇ ਭਾਵੇਂ ਨਿਰਤ, ਨਾਟ ਆਦਿ ਦੇ ਵਿਧਾ ਵਿਚ, ਉਹ ਸਾਂਸਕ੍ਰਿਤਕ ਰੂੜ੍ਹੀਆਂ ਦਾ ਹੀ ਕਲਾਤਮੀਕਰਨ ਹੈ। ਸਾਂਸਕ੍ਰਿਤਕ ਰੂੜ੍ਹੀਆਂ ਪੰਜਾਬੀ ਕਾਵਿ ਦੀ ਕਾਇਆ ਵੀ ਬਣੀਆਂ ਹਨ ਅਤੇ ਆਤਮਾ ਤੇ ਪਛਾਣ ਵੀ । ਸਾਡੀ ਆਧੁਨਿਕ ਕਵਿਤਾ ਅਜ ਵੀ ਉਥੇ ਹੀ ਥੋਥੀ, ਸਖਣੀ ਅਤੇ ਅਪ੍ਰਮਾਣਿਕ ਹੈ ਜਿਥੇ ਉਹ ਸੰਸਕ੍ਰਿਤੀ ਨਾਲੋਂ ਪੂਰੀ ਤਰ੍ਹਾਂ ਵਿਛੁੰਨੀ ਹੋਈ ਹੈ। ਸੰਸਕ੍ਰਿਤੀ ਨਾਲੋਂ ਟੁਟ ਕੇ ਖ਼ਾਲੀ ਸੁੰਨ ਵਿਚ ਸਾਹ ਲੈਣ ਦਾ ਸੁਭਾਵ ਅਜੇ ਪੰਜਾਬੀ ਕਵਿਤਾ ਨੇ ਗ੍ਰਹਿਣ ਨਹੀਂ ਕੀਤਾ । ਇਸੇ ਕਰਕੇ ਸਾਡੀ ਇਹ ਕਵਿਤਾ ਜੋ ਪਛਮ ਦੀ ਆਧੁਨਿਕ ਕਾਵਿ ਦਾ ਅਨੁਕਰਣ ਵਿਚ ਰਚੀ ਜਾ ਰਹੀ ਹੈ, | </p> |

| | | |
|---|---|---|
| | ਪੰਜਾਬੀ ਸੰਸਕ੍ਰਿਤੀ ਵਿਚ ਜੜ੍ਹ ਨਾ ਫੜਨ ਕਰਕੇ, ਪੰਜਾਬੀ ਲੋਕ ਬੋਧ ਦਾ ਹਿੱਸਾ ਨਹੀਂ ਬਣ ਸਕੀ । ਕਾਵਿ ਅਤੇ ਸੰਸਕ੍ਰਿਤੀ ਦਾ ਇਹ ਅਨਿਖੜ ਰਿਸ਼ਤਾ ਹਰ ਉਸ ਜਾਤੀ ਵਿਚ ਸਹਿਜ ਹੈ, ਜਿਥੇ ਲੋਕ ਸੰਸਕ੍ਰਿਤ ਇਕ ਜੀਵੰਤ ਰੂਪ ਵਿਚ ਵਿਆਪਕ ਹੋਵੇ ਅਤੇ ਪਰੰਪਰਾ ਨਹੀਂ ਸੰਸਕਾਰ ਬਣੀ ਹੋਵੇ | |
| <p> | ਰੀਤਾਂ ਨਾਲ ਸੰਬੰਧਤ ਪੰਜਾਬੀ ਦਾ ਇਕ ਹੋਰ ਰੂਪ ‘ਮੁੰਦਾਵਣੀ’ ਹੈ। ਪੰਜਾਬੀ ਵਿਚ ਕਿਸੇ ਵੇਲੇ ਜੰਞ ਦੀ ਰੋਟੀ ਖਾਣ ਵੇਲੇ ਥਾਲੀ ਜਾਂ ਜੰਞ ਬੰਨ੍ਹਣ ਦੀ ਰੀਤ ਪ੍ਰਚਲਤ ਸੀ। ਜੰਞ ਜਦੋਂ ਰੋਟੀ ਖਾਣ ਲਗਦੀ ਤਾਂ ਕੰਨਿਆਂ ਦੇ ਘਿਰ ਦੀਆਂ ਤੀਵੀਆਂ, ਜਾਂ ਕਈ ਵਾਰ ਮੁੰਡੇ ਕੁੜੀਆਂ ਰਲ ਕੇ ਕੁਝ ਕਾਵਿ ਬੰਦ ਉਚਾਰਦੇ, ਜਿਨ੍ਹਾਂ ਵਿਚ ਖਾਣ ਪੀਣ ਦੀਆਂ ਸਭ ਵਸਤੂਆਂ ਨੂੰ ਸ਼ਬਦ-ਸ਼ਕਤੀ ਨਾਲ ਬੰਨ੍ਹ ਦਿਤਾ ਅਥਵਾ ਦੂਸ਼ਤ ਕਰ ਦਿਤਾ ਜਾਂਦਾ। ਫਿਰ ਵਰ ਦੀ ਘਿਰ ਵਲੋਂ ਕੁਝ ਗਭਰੂ ਜਾਂ ਕਈ ਵਾਰ ਕੋਈ ਕਵੀ ਉਠਦਾ, ਜੋ ਕੁਝ ਕਾਵਿ ਬੰਦ ਉਚਾਰਦਾ ਹੋਇਆ ਸ਼ਬਦ ਸ਼ਕਤੀ ਦੁਆਰਾ ਉਸ ਖਾਣੇ ਨੂੰ ਖੋਲਦਾ, ਅਥਵਾ ਦੂਸ਼ਤ ਖਾਣੇ ਨੂੰ ਨਿਰਮਲ ਕਰਦਾ, ਫਿਰ ਜੰਞ ਖਾਣਾ ਖਾਂਦੀ। ਇਸ ਰੀਤ ਨੂੰ ਧਨੀ ਪੋਠੋਹਾਰ ਵਿਚ ਮੁੰਦਾਵਣੀ ਕਿਹਾ ਜਾਂਦਾ ਹੈ ਅਤੇ ਮਾਲਵੇ ਵਿਚ ‘ਜੰਞ ਬੰਨ੍ਹਣੀ’ ਜਾਂ ‘ਜੰਞ ਖੋਲ੍ਹਣੀ’ ਵੀ ਕਹਿੰਦੇ ਹਨ। ਇਸ ਸਮੇਂ ਜੋ ਕਾਵਿ ਬੰਦ ਰਚੇ ਜਾਂਦੇ ਉਨ੍ਹਾਂ ਨੂੰ ਪਤਲਾਂ ਵੀ ਕਿਹਾ ਜਾਂਦਾ ਹੈ। | </p> |
| <p> | ਇਹ ਰੀਤ ਕਿਸੇ ਆਦਿਮ ਰੀਤ ਦਾ ਅਵਸ਼ੇਸ਼ ਜਾਪਦੀ ਹੈ ਅਤੇ ਟੂਣਾ ਚਿੰਤਨ ਉਪਰ ਆਧਾਰਤ ਹੈ। ਪ੍ਰਾਚੀਨ ਕਾਲ ਵਿਚ ਜਦੋਂ ਵਿਆਹ ਉਤੇ ਸਾਰੇ ਕਬੀਲੇ ਨੂੰ ਵਡਾ ਭੋਜ ਦਿਤਾ ਜਾਂਦਾ ਤਾਂ ਕਈ | </p> |

| | | |
|---|---|---|
| | ਵਾਰ ਵਿਰੋਧੀ ਕਬੀਲੇ ਦੇ ਲੋਕ ਜਿਨ੍ਹਾਂ ਨਾਲ ਕੋਈ ਵੈਰ-ਝੱਗੜਾ ਹੁੰਦਾ ਉਹ ਆਪਣੇ ਓਝੇ (Wizard) ਨੂੰ ਸਦ ਕੇ ਮੰਤਰ ਸ਼ਕਤੀ ਦੁਆਰਾ ਉਸ ਭੋਜਨ ਨੂੰ ਬੰਨ੍ਹ ਦਿੰਦੇ। ਅਜਿਹਾ ਭੋਜਨ ਰਹਸਮਈ ਢੰਗ ਨਾਲ ਦੂਸ਼ਤ ਹੋ ਜਾਂਦਾ ਤੇ ਇਸ ਨੂੰ ਖਾਣ ਵਾਲੇ ਕਿਸੇ ਰੋਗ ਨਾਲ ਗ੍ਰਿਹਸਤ ਹੋ ਜਾਂਦੇ । | |
| <p> | ਇਹ ਪੌਰਾਣਿਕ ਮਿਥ ਵਸਤੂ, ਲੱਛਣ, ਭਾਵਨਾ ਅਤੇ ਚਰਿੱਤ੍ਰ ਵਿਚ ਦਸਮ-ਗ੍ਰੰਥ ਦੇ ਰੂਪਾਂਤਰ ਦੇ ਕਾਫੀ ਨੇੜੇ ਹੈ। ਵਸਤੂ-ਗਠਨ ਵਿਚ ਵੀ ਦੋਹਾਂ ਵਿਚ ਕਾਫੀ ਸਮਾਨਤਾ ਹੈ। ਇਨ੍ਹਾਂ ਦੋਹਾਂ ਵਿਚ ਜੋ ਥੋੜਾ ਅੰਤਰ ਹੈ ਵੀ, ਉਹ ਕਿਸੇ ਵੀ ਕਥਾ ਦੇ ਲਿਪੀ-ਬਧ ਰੂਪਾਂਤਰ ਅਤੇ ਲੌਕਿਕ ਰੂਪਾਂਤਰ ਵਿਚ ਹੋਣਾ ਸਹਿਜ ਹੈ। ਮੌਖਿਕ ਸਾਹਿਤ ਲਿਪੀਬਧ ਹੋਣ ਤੋਂ ਬਾਅਦ ਵੀ ਬਦਲਦਾ ਰਹਿੰਦਾ ਹੈ । ਜੋ ਕਥਾ ਕਿਸੇ ਪੁਰਾਣ ਵਿਚ ਲਿਪੀ-ਬੱਧ ਹੋ ਗਈ, ਉਸ ਨੇ ਲਿਖਤ ਵਿਚ ਤਾਂ ਸਥਿਰ ਰੂਪ ਗ੍ਰਹਿਣ ਕਰ ਲਿਆ, ਪਰ ਉਹ ਲੋਕਾਂ ਵਿਚ ਸਥਿਰ ਨਹੀਂ ਰਹਿੰਦੀ। ਪੁਰਾਣਾਂ ਦੀ ਸੋਮ-ਮਿਥ ਨੇ ਦਸਮ ਗ੍ਰੰਥ ਦੇ ਸੱਸੀ-ਰੂਪਾਂਤਰ ਤਕ ਪਹੁੰਚਣ ਵਿਚ, ਸਦੀਆਂ ਦਾ ਪੈਂਡਾ ਤੈਅ ਕੀਤਾ ਹੈ ਤੇ ਇਤਨੇ ਲੰਮੇ ਪੈਂਡੇ ਵਿਚ ਕੋਈ ਕਾਇਆ ਸੁਚੀ ਤੇ ਇਕਾਗਰ ਨਹੀਂ ਰਹਿੰਦੀ। ਇਨ੍ਹਾਂ ਦੋਹਾਂ ਰੂਪਾਂਤਰਾਂ ਦੀ ਸਮਾਨਤਾ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਦਾ ਰੂਪਾਂਤਰ ਪੁਰਾਣਾਂ ਵਿਚ ਦਿਤੀ ਉਪਰੋਕਤ ਸੋਮ-ਮਿਥ ਦਾ ਹੀ ਵਿਗਾੜ ਹੈ । | </p> |
| <p> | ਜਿਵੇਂ ਅਗੇ ਚਲ ਕੇ ਵਿਚਾਰ ਕਰਾਂਗੇ, ਹਰ ਲੋਕ-ਕਹਾਣੀ ਕੁਝ ਕਥਾਨਿਕ ਰੂੜੀਆਂ ਦਾ ਸਮੂਹ ਹੁੰਦੀ ਹੈ। ਜਿਵੇਂ ਕਿਸੇ ਦਰਖਤ | </p> |

| | | |
|---|---|---|
| | ਵਿਚੋਂ ਨਵੀਆਂ ਕਰੂੰਬਲਾਂ ਨਿਕਲਦੀਆਂ ਰਹਿੰਦੀਆਂ ਅਤੇ ਪੁਰਾਣੇ ਪੱਤੇ ਝੜਦੇ ਰਹਿੰਦੇ ਹਨ, ਪਰ ਉਸ ਦੀ ਹਸਤੀ ਕਦੇ ਵਿਖੰਡ ਨਹੀਂ ਹੁੰਦੀ ਤੇ ਇਕੋ ਰਹਿੰਦੀ ਹੈ । ਉਸੇ ਤਰ੍ਹਾਂ ਲੋਕ-ਕਹਾਣੀਆਂ ਦੀ ਬਣਤਰ ਵਿਚ ਨਵੀਆਂ ਕਥਾਨਿਕ-ਰੂੜੀਆਂ ਸਮਾਂਦੀਆਂ ਤੇ ਕਈ ਪੁਰਾਣੀਆਂ ਝੜਦੀਆਂ ਰਹਿੰਦੀਆਂ ਹਨ। ਸੋ, ਦਸਮ ਗ੍ਰੰਥ ਵਿਚ ਜੋ ਰੂਪਾਂਤਰ ਹੈ ਇਸ ਵਿਚ ਕੁਝ ਨਵੀਆਂ ਰੂੜੀਆਂ ਰਚਦੀਆਂ ਗਈਆਂ ਅਤੇ ਇਹ ਦੰਦ-ਕਥਾ ਇਕ ਨਵਾਂ ਰੂਪ ਧਾਰਨ ਕਰ ਗਈ । | |
| <p> | ਕਿੱਸਾ ਕਾਵਿ ਵਿਚ ਲੋਕ-ਤੱਤ ਵਧੇਰੇ ਬਲਵਾਨ ਰੂਪ ਵਿਚ ਉਜਾਗਰ ਹੋਏ ਹਨ ਅਤੇ ਕਿੱਸਾ ਕਾਵਿ ਦਾ ਸਾਰਾ ਸੰਸਾਰ ਲੋਕ-ਮਨ ਵਾਲਾ ਸੰਸਾਰ ਹੀ ਹੈ। ਪਹਿਲਾਂ ਤਾਂ ਕਿੱਸਿਆਂ ਦੇ ਬ੍ਰਿਤਾਂਤ ਸਿਧੇ ਲੋਕ-ਮੂੰਹਾਂ ਤੋਂ ਆਏ ਹੋਣ ਕਰਕੇ ਪਰੰਪਰਾ ਦੀ ਵਸਤੂ ਹਨ ਅਤੇ ਇਨ੍ਹਾਂ ਦਾ ਕੋਈ ਬਝਵਾਂ ਇਕਾਗਰ ਰੂਪ ਨਹੀਂ। ਲੋਕ-ਕਹਾਣੀਆਂ ਵਾਂਗ ਇਨ੍ਹਾਂ ਦੀ ਸ਼ਿਲਪ ਕਥਾਨਿਕ ਰੂੜ੍ਹੀਆਂ ਤੋਂ ਹੋਈ ਹੈ ਤੇ ਨਵੀਆਂ ਰੂੜ੍ਹੀਆਂ ਸਮਰਥਾ ਅਨੁਸਾਰ ਸਿਰਜ ਕੇ ਰਲਾਈਆਂ ਜਾਂਦੀਆਂ ਰਹੀਆਂ ਹਨ । ਲੋਕ-ਕਹਾਣੀਆਂ ਵਾਂਗ ਇਨ੍ਹਾਂ ਦਾ ਇਕ ਰੂਪਾਂਤਰ ਨਹੀਂ ਤੇ ਪਸਾਰ ਦੀ ਗੁੰਜਾਇਸ਼ ਹੈ। ਦੂਜਾ, ਵਸ਼ਿਸ਼ਟ ਕਵੀਆਂ ਦੇ ਹਥ ਆਉਣ ਤੋਂ ਪਹਿਲਾਂ ਇਹ ਕਥਾਵਾਂ ਲੋਕਾਂ ਵਿਚ ਸਵਾਂਗ ਦੇ ਰੂਪ ਵਿਚ ਖੇਡੀਆਂ ਜਾਂਦੀਆਂ ਹਨ । ਹੀਰ-ਰਾਂਝੇ ਦੇ ਅਜਿਹੇ ਸਵਾਂਗ ਤੋਂ ਦਮੋਦਰ ਇਤਨਾ ਪ੍ਰਭਾਵਿਤ ਹੋਇਆ ਕਿ ਬਾਰ-ਬਾਰ ਆਪਣੀ ਰਚਨਾ ਵਿਚ ਅਖੀਂ-ਡਿਠਾ ਸ਼ਬਦ ਵਰਤਣੋ ਨਾ ਰਹਿ ਸਕਿਆ । | </p> |

| | | |
|---|---|---|
| <p> | ਤੀਜਾ, ਇਨ੍ਹਾਂ ਕਿੱਸਿਆਂ ਦਾ ਸੰਸਾਰ ਲੋਕ-ਮਨ ਦਾ ਸੰਸਾਰ ਹੈ । ਕਿੱਸਿਆਂ ਵਿਚ ਭੂਤ, ਪ੍ਰੇਤ, ਡਾਇਣ, ਪਰੀਆਂ ਦਾ ਜਗਤ ਤਾਂ ਇਨ ਬਿਨ ਲੋਕ-ਕਹਾਣੀਆਂ ਵਾਲਾ ਹੀ ਹੈ। ਕਿੱਸਿਆਂ ਵਿਚ ਰਹੱਸਮਈ ਸ਼ਕਤੀਆਂ ਲੋਕ-ਕਹਾਣੀਆਂ ਵਾਂਗ ਹੀ ਵਿਚਰਦੀਆਂ ਹਨ। ਜਿਵੇਂ ਕਾਲੇ ਘੋੜੇ ਕਾਲੇ ਜੋੜੇ, ਵਾਰਸ ਦੀ ਹੀਰ ਵਿਚ ਸ਼ਹਿਰ ਨੂੰ ਅਗ ਲਗਣੀ, ਸੱਸੀ-ਪੂੰਨੂੰ ਵਿਚ ਸੱਸੀ ਦੀ ਆਤਮਾ ਦਾ ਸੁਤੇ ਪੂੰਨੂੰ ਕੋਲ ਜਾ ਕੇ ਉਸ ਨੂੰ ਜਗਾਣਾ। ਸੋਹਣੀ-ਮਹੀਂਵਾਲ ਤੇ ਮਿਰਜ਼ਾ-ਸਾਹਿਬਾਂ ਵਿਚ ਵੀ ਇਹ ਸ਼ਕਤੀਆਂ ਥੋੜ੍ਹੀ ਬਹੁਤ ਮਾਤਰਾ ਵਿਚ ਉਪਲਬਧ ਹਨ। ਮਿਰਜ਼ਾ-ਸਾਹਿਬਾਂ ਦੇ ਕਿੱਸੇ ਵਿਚ ਹੋਣੀ ਇਕ ਪਾਤਰ ਦੇ ਰੂਪ ਵਿਚ ਵਿਚਰ ਰਹੀ ਹੈ । | </p> |
| <p> | ਚੌਥਾ, ਕਿੱਸਾ ਆਪਣੇ ਆਪ ਵਿਚ 'ਮਹਾਤਮ' ਸਾਹਿਤ ਨਾਲ ਜਾ ਜੁੜਿਆ ਹੈ । ਜਿਵੇਂ ਸਾਖੀਆਂ ਜਾਂ ਵਰਤ ਕਥਾਵਾਂ ਦੇ ਸੁਣਨ ਦਾ ਮਹਾਤਮ ਹੈ, ਉਸੇ ਤਰ੍ਹਾਂ ਕਿੱਸਾ ਰਚਣਾ ਤੇ ਸੁਣਨਾ ਵੀ ਇਕ ਮਹਾਤਮ ਬਣ ਗਿਆ। | </p> |
| <p> | ਆਦਿ ਕਾਲ ਤੋਂ ਹੀ ਲੋਕ-ਚੇਤਨਾ ਲੋਕ-ਮਨ ਨਾਲ ਇਕਸੁਰ ਹੋ ਕੇ ਕੁਝ ਰੂੜ੍ਹੀਆਂ ਨੂੰ ਜਨਮਦੀ ਤੇ ਕੁਝ ਪੈਟਰਨਾਂ ਨੂੰ ਘੜਦੀ ਰਹੀ ਹੈ, ਜੋ ਜੋਤ ਤੋਂ ਜੋਤ ਵਾਂਗ ਜਗਦੀਆਂ, ਇਕ ਪੀੜ੍ਹੀ ਤੋਂ ਦੂਜੀ ਤਕ ਯਾਤ੍ਰਾ ਕਰਦੀਆਂ ਸਾਡੇ ਜੀਵਨ ਵਿਚ ਰਚਦੀਆਂ ਤੇ ਰਸਦੀਆਂ ਰਹੀਆਂ ਹਨ। ਪੁਰਖਿਆਂ ਦੇ ਇਹ ਪੈਟਰਨ ਤੇ ਰੂੜ੍ਹੀਆਂ ਸਿਰਫ ਕਲਾ, ਸਾਹਿੱਤ ਜਾਂ ਸ਼ਿਲਪ ਵਿਚ ਹੀ ਰੂਪਮਾਨ ਨਹੀਂ ਹੋਈਆਂ ਸਗੋਂ ਜੀਵਨ ਵਿਚ ਲੋਕ-ਵਿਸ਼ਵਾਸ਼ਾਂ ਤੇ ਮਨੌਤਾਂ ਦਾ ਰੂਪ ਧਾਰ ਕੇ ਸਾਡੇ ਚਿੰਤਨ ਵਿਚ ਵੀ ਰਚ ਚੁਕੀਆਂ ਹਨ। ਇਹ ਪੈਟਰਨ ਤੇ | </p> |

| | | |
|---|---|---|
| | ਰੂੜ੍ਹੀਆਂ ਜਿਨ੍ਹਾਂ ਦਾ ਸਿਰਜਨਾ-ਸ੍ਰੋਤ ਲੋਕ-ਅਨੁਭਵ ਹੈ, ਸਾਡੇ ਅਵਚੇਤਨ ਮਨ ਵਿਚ ਰਚੀਆਂ ਹੋਣ ਕਰਕੇ, ਸਾਡੇ ਲਈ ਖਾਸ ਅੰਤਰ-ਪ੍ਰੇਰਨਾ ਰਖਦੀਆਂ ਹਨ ਤੇ ਜਦੋਂ ਕਿਸੇ ਰਚਨਾ ਵਿਚ ਇਨ੍ਹਾਂ ਦੀ ਵਰਤੋਂ ਕੀਤੀ ਹੁੰਦੀ ਹੈ ਤਾਂ ਉਹ ਰਚਨਾ ਸੁਤੇ ਸਿਧ ਹੀ ਲੋਕ-ਮਨ ਨੂੰ ਟੁੰਬਦੀ ਤੇ ਪ੍ਰਭਾਵਿਤ ਕਰਦੀ ਹੈ। ਇਹ ਰੂੜ੍ਹੀਆਂ ਤੇ ਪੈਟਰਨ ਲੋਕਧਾਰਾ ਦਾ ਅਨਿਖੜਵਾਂ ਅੰਗ ਹੋਣ ਕਰਕੇ, ਪ੍ਰਮੁਖ ਰੂਪ ਵਿਚ ਲੋਕ-ਤੱਤ ਹੀ ਹਨ ਅਤੇ ਇਹ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਕਾਫੀ ਮਾਤਰਾ ਵਿਚ ਪ੍ਰਾਪਤ ਹਨ। ਇਨ੍ਹਾਂ ਵਿਚੋਂ ਕੁਝ ਕੁ ਉਤੇ ਵਿਚਾਰ ਇਥੇ ਕੀਤੀ ਜਾਵੇਗੀ– | |
| <p> | (ੳ) ਆਦਿਮ ਮਨੁੱਖ ਦੀ ਇਕ ਪ੍ਰਵਿਰਤੀ ਇਹ ਰਹੀ ਹੈ ਕਿ ਉਹ ਸਭ ਜੜ੍ਹ-ਚੇਤਨ ਵਸਤੂਆਂ ਵਿਚ ਕਿਸੇ ਆਤਮਾ ਨੂੰ ਅਨੁਭਵ ਕਰਦਾ ਸੀ। ਕਿਉਂ ਜੋ ਉਸ ਨੂੰ ਆਪਣੇ ਅੰਦਰ ਕੋਈ 'ਨਿਜ' ਬੈਠਾ ਪ੍ਰਤੀਤ ਹੁੰਦਾ ਸੀ, ਇਸ ਲਈ ਉਹ ਸਭ ਪਦਾਰਥਾਂ ਵਿਚ, ਬਿਨ੍ਹਾਂ ਜੜ੍ਹ-ਚੇਤਨ ਦਾ ਨਿਖੇੜਾ ਕੀਤੇ ਦੇ, ਕਿਸੇ 'ਨਿਜ' ਨੂੰ ਵਸਦਾ ਕਲਪ ਲੈਂਦਾ ਸੀ । | </p> |
| <p> | ਲੋਕ–ਤੱਤ ਦਾ ਇਕ ਵਡਾ ਅੰਸ਼ ਪੁਰਾਣਧਾਰਾ ਵਿਚੋਂ ਜਨਮਦਾ ਹੈ। ਪੁਰਾਣਧਾਰਾ ਲੋਕ-ਤਤਾਂ ਦੀ ਰੂੜ੍ਹੀ ਹੁੰਦੀ ਹੈ। ਪੁਰਾਣ, ਆਦਿਮ-ਮਾਨਵ ਦੇ ਬ੍ਰਹਿਮੰਡ ਦੇ ਰਹੱਸਾਂ ਨੂੰ ਜਾਨਣ ਦੇ ਕਾਲਪਨਿਕ ਯਤਨ ਸਨ। ਕਿਉਂ ਜੋ ਆਦਿਮ-ਮਨ ਕਲਪਿਤ ਗਲਾਂ ਨੂੰ ਹੀ ਪਿਛੋਂ ਯਥਾਰਥ ਮੰਨ ਲੈਂਦਾ ਰਿਹਾ ਹੈ ਇਸ ਲਈ ਪੌਰਾਣਿਕ ਕਥਾਵਾਂ ਨੂੰ ਵੀ ਉਹ ਵਾਸਤਵਿਕ ਮੰਨਣ ਲੱਗ ਪਿਆ ਤੇ ਹੌਲੀ ਹੌਲੀ ਇਸ ਵਿਚ ਕਈ ਲੋਕਾਂ ਦੀ ਧਾਰਮਿਕ ਆਸਥਾ ਸਥਾਪਿਤ | </p> |

| | | |
|---|---|---|
| | ਹੋ ਗਈ। ਧਰਮ ਦਾ ਬ੍ਰਿਛ ਇਸੇ ਪੌਰਾਣਿਕ ਰੂੜ੍ਹੀ ਵਿਚਲੇ ਅੰਗੂਰਾਂ ਵਿਚੋਂ ਫੁਟਿਆ। ਇਹੋ ਪੁਰਾਣਧਾਰਾ ਜਾਤੀ ਦੀ ਲੋਕ-ਧਾਰਾ ਦਾ ਵੀ ਮੁਢ ਬਣੀ। ਧਰਮ ਦੀ ਲੋਕ-ਤੱਤਾਂ ਨਾਲ ਸਾਂਝ ਦਾ ਇਕ ਪ੍ਰਮਾਣ ਇਹ ਵੀ ਹੈ ਕਿ ਧਰਮ ਤੇ ਲੋਕ-ਧਾਰਾ ਦੀ ਰੂੜ੍ਹੀ ਪੁਰਾਣਧਾਰਾ ਹੈ। | |
| <p> | ਸਾਡੀ ਸੰਸਕ੍ਰਿਤੀ ਮੂਲ ਵਿਚ ਆਰੀਆਈ ਹੈ ਤੇ ਆਰੀਆਈ ਪੁਰਾਣਧਾਰਾ ਵੇਦਾਂ, ਪੁਰਾਣਾਂ ਤੇ ਵੀਰ-ਗਾਥਾਵਾਂ ਵਿਚ ਪ੍ਰਾਪਤ ਹੈ। ਇਹੀ ਸਾਡੀ ਪੌਰਾਣਿਕ ਸੰਪਤੀ ਤੇ ਧਾਰਮਿਕ ਰੂੜ੍ਹੀ ਹੈ। ਪਿਛੋਂ ਯੂਨਾਨੀਆਂ ਤੇ ਮੁਸਲਮਾਨਾਂ ਆਦਿ ਦੇ ਮੇਲ-ਜੋਲ ਨਾਲ ਇਸ ਵਿਚ ਕੁਝ ਯੂਨਾਨੀ ਤੇ ਸਾਮੀ ਅੰਸ਼ ਵੀ ਰਚ ਮਿਚ ਗਏ। ਮਧ-ਕਾਲੀਨ ਸਮਿਆਂ ਵਿਚ ਪੌਰਾਣਿਕ ਕਥਾ-ਕਹਾਣੀਆਂ ਤੇ ਲੋਕ-ਰੂੜ੍ਹੀਆਂ ਲੋਕ-ਜੀਵਨ ਵਿਚ, ਲਹੂ-ਮਾਸ ਵਾਂਗ ਰਚੀਆਂ ਹੋਈਆਂ ਸਨ। ਲੋਕਾਂ ਨੂੰ ਇਨ੍ਹਾਂ ਦੀ ਵਾਸਤਵਿਕਤਾ ਵਿਚ ਪੂਰਨ ਵਿਸ਼ਵਾਸ਼ ਸੀ ਅਤੇ ਇਨ੍ਹਾਂ ਦੇ ਪਾਤਰਾਂ ਤੇ ਕਥਾ-ਅੰਸ਼ਾਂ ਤੋਂ ਭਲੀ ਭਾਂਤ ਜਾਣੂ ਸਨ। | </p> |
| <p> | ਗੁਰੂ ਅਰਜਨ ਦੇਵ ਨੇ ਹੋਰ ਗੁਰੂ ਸਾਹਿਬਾਨ ਵਾਂਗ ਹੀ ਆਪਣੀ ਬਾਣੀ ਵਿਚ ਅਨੇਕ ਥਾਈਂ ਪੌਰਾਣਿਕ ਪਾਤਰਾਂ ਤੇ ਘਟਨਾਵਾਂ ਵਲ ਸੰਕੇਤ ਕੀਤੇ ਹਨ, ਪੂਰੀ ਕਥਾ ਕਿਧਰੇ ਨਹੀਂ ਦਿੱਤੀ। | </p> |
| <p> | ਗੁਰੂ ਅਰਜਨ ਦੇਵ ਦੀ ਬਾਣੀ ਪ੍ਰਭੂ ਦੇ ਅਨੇਕਾਂ ਪੌਰਾਣਿਕ ਨਾਂ, ਜਿਵੇਂ ਦਾਮੋਦਰ, ਗੋਵਰਧਨਧਾਰੀ, ਨਰਸਿੰਘ, ਮਧੂਸੂਦਨ, ਨਾਰਾਇਣ, ਰਿਖੀਕੇਸ, ਮੁਰਲੀ ਮਨੋਹਰ ਆਦਿ ਵਰਤੇ ਮਿਲਦੇ ਹਨ, ਜੋ ਵਿਸ਼ਨੂੰ ਤੇ ਉਨ੍ਹਾਂ ਦੇ ਅਵਤਾਰਾਂ ਨਾਲ ਸਬੰਧਿਤ ਹਨ। ਭਗਤਾਂ ਵਿਚੋਂ ਧ੍ਰੂਹ, ਪ੍ਰਹਿਲਾਦ, ਬਿਦਰ ਤੇ ਬਾਲਮੀਕ ਵਲ | </p> |

| | | |
|---|---|---|
| | ਸੰਕੇਤ ਕੀਤਾ ਮਿਲਦਾ ਹੈ । | |
| <p> | ਮੌਤ ਦੇ ਸੰਕਲਪ ਨੂੰ ਅਮੂਰਤ ਤੋਂ ਸਮੂਰਤ ਬਨਾਉਣ ਲਈ ਹਿੰਦੂ ਪੁਰਾਣਧਾਰਾ ਦੇ ਚਿਤ੍ਰਗੁਪਤ, ਧਰਮਰਾਜ, ਜਮਦੂਤ ਤੇ ਜਮਰਾਜ ਆਦਿ ਦਾ ਜ਼ਿਕਰ ਕਈ ਥਾਂਈਂ ਆਇਆ ਹੈ। ਮੌਤ ਦਾ ਜਮਦੂਤ ਦੇ ਰੂਪ ਵਿਚ ਸਥੂਲ ਚਿਤਰਣ, ਚੰਗੇ ਮੰਦੇ ਕਰਮਾਂ ਦਾ ਚਿਤਰ-ਗੁਪਤ ਕੋਲ ਲੇਖਾ ਹੋਣਾ ਤੇ ਧਰਮ-ਰਾਜ ਦੀ ਕਚਹਿਰੀ ਵਿਚ ਪ੍ਰਾਣੀ ਦੇ ਕਰਮਾਂ ਦਾ ਫਲ, ਨਰਕ ਜਾਂ ਸਵਰਗ ਦੇ ਠੋਸ ਰੂਪ ਵਿਚ ਮਿਲਣ ਦਾ ਮੁਢ ਰਾਜੇ ਦੇ ਦੂਤਾਂ ਦਾ ਅਪਰਾਧੀ ਨੂੰ ਬੰਦੀ ਬਣਾ ਕੇ ਲੈ ਜਾਣ ਤੇ ਰਾਜੇ ਦੀ ਕਚਹਿਰੀ ਵਿਚ ਕੀਤੇ ਦੀ ਸਜ਼ਾ ਪਾਉਣ ਦੀ ਪ੍ਰਥਾ ਵਿਚੋਂ ਲਭਿਆ ਜਾ ਸਕਦਾ ਹੈ। ਇਹ ਸੰਕਲਪ ਭਾਵੇਂ ਪੌਰਾਣਿਕ ਹੈ, ਪਰ ਗੁਰਬਾਣੀ ਵਿਚ ਇਸ ਨੂੰ ਅਪਣਾ ਲਿਆ ਗਿਆ ਹੈ, ਕਿਉਂ ਜੋ ਇਸਦੇ ਨਾਲ ਅਮੂਰਤ ਮੌਤ ਕਿਸੇ ਸਮੂਰਤ ਰੂਪ ਵਿਚ ਪ੍ਰਤਖ ਦਿਸਦੀ ਹੈ। ਇਸ ਤਰ੍ਹਾਂ ਮੌਤ ਦਾ ਸਥੂਲ ਰੂਪ ਅਨੁਭਵ ਕੀਤਾ ਜਾ ਸਕਦਾ ਹੈ। ਗੁਰੂ ਅਰਜਨ ਦੇਵ ਦੀ ਰਚਨਾ ਵਿਚ ਜਮਦੂਤ, ਤੇ ਧਰਮਰਾਜ ਵਲ ਸੰਕੇਤ ਹਨ :- | </p> |
| <p> | ਸਾਖੀਆਂ ਦੀ ਸਿਰਜਣਾ ਵਿਚ ਪਰੰਪਰਾ ਨੇ ਬੜੀ ਅਹਿਮ ਭੂਮਿਕਾ ਨਿਭਾਈ ਹੈ। ਲੋਕਧਾਰਾ ਦੀ ਹੋਰ ਸਾਮਗ੍ਰੀ ਵਾਂਗ ਸਾਖੀਆਂ ਵੀ ਪਰੰਪਰਾ ਵਿਚੋਂ ਨਿਮ ਕੇ ਪਰੰਪਰਾ ਦਾ ਹੀ ਹਿੱਸਾ ਬਣ ਗਈਆਂ ਹਨ। ਸਾਖੀਆਂ ਤੇ ਕਈ ਤੱਤ ਅਤੇ ਰੂੜ੍ਹੀਆਂ ਪਰੰਪਰਾ ਦੀ ਦੇਣ ਹਨ। ਸਾਖੀਆਂ ਦੇ ਬ੍ਰਿਤਾਂਤ ਨੂੰ ਸਿਰਜਣ ਵਿਚ ਲੋਕ-ਕਹਾਣੀਆਂ ਦੀਆਂ ਕਥਾਨਿਕ ਰੂੜ੍ਹੀਆਂ ਦੀ ਵਰਤੋਂ ਆਮ ਕੀਤੀ ਜਾਂਦੀ ਰਹੀ ਹੈ ਅਤੇ ਇਨ੍ਹਾਂ ਨੂੰ ਚੇਤ-ਅਚੇਤ ਰੂਪ ਵਿਚ ਦੁਹਰਾਇਆ ਗਿਆ | </p> |

| | | |
|---|---|---|
| | ਹੈ। ਕਈ ਸਾਖੀਆਂ ਤਾਂ ਲੋਕ ਕਹਾਣੀਆਂ ਦਾ ਹੀ ਸਾਖੀਕਰਨ ਹਨ ਜਿਵੇਂ 'ਮੋਹਰਾਂ ਦੇ ਕੋਲੇ ਤੇ ਸੂਲੀ ਦਾ ਕੰਡਾ' ਜਾਂ 'ਵਸਦੇ ਰਹੋ, ਉਜੜ ਜਾਓ'। | |
| <p> | ਤੱਥ ਦਾ ਦੈਵੀਕਰਨ ਹੀ ਸਾਖੀ ਦੀ ਬੁਨਿਆਦੀ ਪ੍ਰਕ੍ਰਿਤੀ ਹੈ। ਸਾਖੀ ਨਾਇਕ ਨਾਲ ਜੁੜੀ ਮਿੱਥ ਹੀ ਸਾਖੀ ਦੇ ਚਿਹਰੇ ਮੁਹਰੇ ਨੂੰ ਗੌਰਵ ਬਖਸ਼ਦੀ ਤੇ ਇਹੋ ਉਸ ਦੀ ਮੂਲ ਪਛਾਣ ਬਣਦੀ ਹੈ। ਤੱਥ ਆਪਣੇ ਆਪ ਵਿਚ ਕੇਵਲ ਸਰੀਰ ਹੈ, ਜਦੋਂ ਤਕ ਉਸ ਵਿਚ ਕੋਈ ਦੈਵੀ ਅੰਸ਼ (ਰੂਹ) ਮਿੱਥਕ ਰੂਪ ਵਿਚ ਨਹੀਂ ਰਲਦਾ, ਉਦੋਂ ਤਕ ਸਾਖੀ ਹੋਂਦ ਵਿਚ ਨਹੀਂ ਆਉਂਦੀ। ਭਾਵੇਂ ਕਈ ਵਾਰ ਇਹ ਮਿੱਥਕ-ਤੱਤ ਇਤਨਾ ਸੂਖਮ ਹੁੰਦਾ ਹੈ ਕਿ ਪਹਿਲੀ ਨਜ਼ਰੇ ਦ੍ਰਿਸ਼ਟੀ-ਗੋਚਰ ਨਹੀਂ ਹੁੰਦਾ। ਸਾਖੀਆਂ ਵਿਚਲਾ ਇਹੋ ਮਿੱਥਕ ਤੱਥ ਸਾਖੀ ਪੁਰਸ਼ ਨੂੰ ਆਮ ਆਦਮੀ ਨਾਲੋਂ ਨਿਖੇੜ ਕੇ ਵਿਲੱਖਣ ਤੇ ਅਲੌਕਿਕ ਬਣਾਉਂਦਾ ਹੈ ਅਤੇ ਇਸ ਸਾਰੇ ਕਾਰਜ ਨੂੰ ਸ਼ਕਤੀ ਪਰੰਪਰਾ ਤੋਂ ਹੀ ਮਿਲਦੀ ਹੈ । | </p> |
| <p> | ਪਰੰਪਰਾ ਤੋਂ ਹੀ ਮਹਾਂਪੁਰਸ਼ਾਂ ਬਾਰੇ ਇਹ ਧਾਰਨਾ ਚਲੀ ਆ ਰਹੀ ਹੈ ਕਿ ਉਹ ਆਮ ਮਨੁਖਾਂ ਨਾਲੋਂ ਵਿਲੱਖਣ ਹੁੰਦੇ ਹਨ, ਉਹ ਜਾਂ ਤਾਂ ਕਿਸੇ ਕੱਰਤਵ ਦੀ ਪਾਲਨਾ ਲਈ ਪ੍ਰਭੂ ਵਲੋਂ ਭੇਜੇ ਗਏ ਹੁੰਦੇ ਹਨ ਜਾਂ ਸੰਸਾਰ ਦਾ ਉਧਾਰ ਕਰਨ ਹਿਤ ਖ਼ੁਦ ਪ੍ਰਭੂ/ਦੇਵਤਾ ਅਵਤਾਰ ਧਾਰਨ ਕਰਦਾ ਹੈ । | </p> |
| <p> | ਨਾਨਕ ਸਿੰਘ ਨਾਲ ਪੰਜਾਬੀ ਨਾਵਲ ਭੀੜੀ ਗਲੀ ਵਿਚੋਂ ਨਿਕਲ ਕੇ ਨਵੇਂ ਮੋਕਲੇ ਪੰਧ ਉਪਰ ਤੁਰਦਾ ਹੈ। ਇਹ ਸਫਰ ਭਾਵੇਂ ਪੰਜਾਬੀ ਨਾਵਲ ਦੀ ਵਖਰੀ ਭਾਵਭੂਮੀ ਅਤੇ ਸਭਿਆਚਾਰਕ | </p> |

| | | |
|---|---|---|
| | ਖੇਤਰ ਵਲ ਦੀ ਗਤੀ ਹੈ, ਪਰ ਨਾਨਕ ਸਿੰਘ ਦਾ ਗਲਪ ਖੇਤਰ ਵਧੇਰੇ ਸ਼ਹਿਰੀ ਮਧ-ਸ਼੍ਰੇਣੀ ਨਾਲ ਸੰਬੰਧਿਤ ਹੋਣ ਕਰਕੇ, ਇਹ ਸਫਰ ਵੀ ਲੋਕ-ਸਭਿਆਚਾਰ ਪ੍ਰਤੀ ਵਿਰਕਤ ਤੇ ਉਦਾਸੀਨ ਰਿਹਾ। ਸ਼ਹਿਰੀ ਮਧ-ਸ਼੍ਰੇਣੀ ਦੀ ਮਾਨਸਿਕਤਾ ਸਭਿਅਤਾ-ਮੁਖ ਹੁੰਦੀ ਹੈ ਅਤੇ ਲੋਕ-ਸਭਿਆਚਾਰ ਦੇ ਅਨੇਕਾਂ ਭਰਵੇਂ ਅਤੇ ਸਾਰਥਕ ਤੱਤ-ਰੀਤਾਂ ਰਸਮਾਂ, ਮਨੌਤਾਂ, ਪਰੰਪਰਾਵਾਂ, ਲੋਕ-ਵਿਸ਼ਵਾਸ਼ ਅਤੇ ਨ੍ਰਿਤ-ਗੀਤ ਆਦਿ ਨੂੰ ਉਹ ਪੇਂਡੂ ਅਤੇ ਪਛੜੀ ਬੌਧਿਕਤਾ ਦੀ ਵਸਤੂ ਮਿਥ ਕੇ, ਸੁਚੇਤ ਰੂਪ ਵਿਚ ਉਸ ਨੂੰ ਤਿਆਗਣ ਦੀ ਚੇਸ਼ਟਾ ਰਖਦੀ ਹੈ। ਸੋ, ਅਜਿਹੀ ਸ਼੍ਰੇਣੀ ਨੂੰ ਆਪਣੇ ਗਲਪ ਦਾ ਵਸਤੂ ਬਨਾਉਣ ਵਾਲੇ ਨਾਨਕ ਸਿੰਘ ਵਿਚ ਲੋਕ-ਸਭਿਆਚਾਰ ਦੀਆਂ ਰੂੜ੍ਹੀਆਂ ਦਾ ਅਭਾਵ ਹੋਣਾ ਸਹਿਜ ਹੈ। ਇਕਾ ਦੁਕਾ ਨਾਵਲਾਂ ਵਿਚ ਭਾਵੇਂ ਲੋਕ-ਸਭਿਆਚਾਰ ਦੀ ਉਹ ਵਸਤੂ ਜੋ ਸ਼ਹੀਰੀ ਸੰਸਕ੍ਰਿਤੀ ਦਾ ਵੀ ਅੰਗ ਬਣ ਚੁੱਕੀ ਸੀ, ਜ਼ਰੂਰ ਮਿਲਦੀ ਹੈ। ਰੂਪ ਦੇ ਪਖੋਂ ਨਾਨਕ ਸਿੰਘ ਲੋਕ-ਸਭਿਆਚਾਰ ਦੀ ਮਹੱਤਵਪੂਰਣ ਰੂੜ੍ਹੀ ਕਿੱਸਾ ਸਾਹਿਤ ਦੀਆਂ ਪ੍ਰਵਿਰਤੀਆਂ ਅਤੇ ਬ੍ਰਿਤਾਂਤਕ ਜੁਗਤਾਂ ਤੋਂ ਮੁਕਤ ਨਹੀਂ ਹੋ ਸਕਿਆ। ਭਾਈ ਵੀਰ ਸਿੰਘ ਤੇ ਨਾਨਕ ਸਿੰਘ ਵਿਚ ਇਥੇ ਹੀ ਅੰਤਰ ਹੈ – ਭਾਈ ਵੀਰ ਸਿੰਘ ਦੇ ਸਨਮੁਖ ਲੋਕ-ਕਹਾਣੀਆਂ ਰਹੀਆਂ ਅਤੇ ਨਾਨਕ ਸਿੰਘ ਦੇ ਸਨਮੁਖ ਕਿੱਸੇ। | |
| <p> | ਸੁਤੰਤਰਤਾ ਤੋਂ ਬਾਅਦ ਪੰਜਾਬੀ ਲੇਖਕ ਆਪਣੇ ਸਭਿਆਚਾਰਕ ਵਿਰਸੇ ਪ੍ਰਤੀ ਸੁਚੇਤ ਭਾਂਤ ਜਾਗਰੂਪ ਹੋਏ ਅਤੇ ਲੋਕ-ਸਭਿਆਚਾਰ ਪ੍ਰਤੀ ਹੁਣ ਤੱਕ ਦੀ ਉਪਰਾਮਤਾ ਤੇ ਬੇਮੁਖਤਾ ਇਕ | </p> |

| | | |
|---|---|---|
| | ਮੋਹ ਅਤੇ ਪਛਾਣ ਵਿਚ ਬਦਲਣ ਲੱਗੀ ਅਤੇ ਉਸ ਵਿਚ ਲੋਕ-ਸਭਿਆਚਾਰ ਦੇ ਅਮੀਰ ਵਿਰਸੇ ਨੂੰ ਆਪਣੀ ਰਚਨਾ-ਬੋਧ ਦਾ ਗੌਰਵਮਈ ਅੰਗ ਬਨਾਉਣ ਦੀ ਚੇਸ਼ਟਾ ਜਾਗੀ । | |
| <p> | ਪ੍ਰੋ: ਪੂਰਨ ਸਿੰਘ ਨੂੰ ਲੋਕ-ਸੰਸਕ੍ਰਿਤੀ ਵਿਰਸੇ ਵਿਚ ਮਿਲੀ ਸੀ । ਪੋਠੋਹਾਰ ਦਾ ਇਕ ਪਿੰਡ ਡੇਰਾ ਖਾਲਸਾ (ਤਹਿਸੀਲ ਕਹੂਟਾ) ਉਸ ਦਾ ਜਦੀ ਘਰ ਸੀ। ਉਹਦੇ ਵਡੇ ਵਡੇਰੇ ਕਈ ਪੁਸ਼ਤਾਂ ਤੋਂ ਇਥੇ ਹੀ ਰਹਿ ਰਹੇ ਸਨ। ਉਸ ਨੇ ਮੁਢਲੀ ਵਿਦਿਆ ਹਵੇਲੀਆਂ ਵਿਚ ਪਰੰਪਰਾਗਤ ਵਿਧੀ ਨਾਲ ਪ੍ਰਾਪਤ ਕੀਤੀ ਸੀ। ਮਸਜਿਦ ਵਿਚ ਮੌਲਵੀ ਪਾਸੋਂ ਉਰਦੂ ਪੜ੍ਹੀ ਅਤੇ ਧਰਮਸਾਲਾ ਵਿਚ ਭਾਈ ਕੋਲੋਂ ਗੁਰਮੁਖੀ ਸਿਖੀ। ਅਠਵੀਂ ਜਮਾਤ ਉਸ ਨੇ ਹਰੀਪੁਰ ਵਿਚ ਪਾਸ ਕੀਤੀ। ਇਸ ਤਰ੍ਹਾਂ ਉਹਦੇ ਮੁਢਲੇ 14-15 ਵਰ੍ਹੇ ਪਿੰਡਾਂ ਅਤੇ ਕਸਬਿਆਂ ਵਿਚ ਗੁਜ਼ਰੇ, ਜਿਥੋਂ ਉਦੋਂ ਅਜੇ ਲੋਕ-ਸੰਸਕ੍ਰਿਤੀ ਦੀਆਂ ਰੂੜ੍ਹੀਆਂ ਆਪਣੇ ਜਲੋ ਵਿਚ ਪ੍ਰਕਾਸ਼ਮਾਨ ਸਨ ਅਤੇ ਲੋਕਾਂ ਦੀ ਸਾਰੀ ਜੀਵਨ ਗਤੀ, ਕਲਪਨਾ ਅਤੇ ਸੋਚ ਇਹਦੇ ਤੋਂ ਬਹੁਬਿਧ ਪਸਾਰ ਤੇ ਸ਼ਕਤੀ ਲੈਂਦੀ ਸੀ, ਫਲਸਰੂਪ ਪੂਰਨ ਸਿੰਘ ਵਰਗੇ ਭਾਵੁਕ ਵਿਅਕਤੀ ਦੀ ਮਾਨਸਿਕਤਾ ਲੋਕ-ਸੰਸਕ੍ਰਿਤੀ ਵਾਲੀ ਢਲਣੀ ਸਹਿਜ ਸੀ। ਦੂਜਾ, ਪੰਜਾਬੀ ਕਾਵਿ ਦੀ ਮੂਲ ਮਾਨਸਿਕਤਾ ਵੀ ਉਦੋਂ ਲੋਕ-ਸੰਸਕ੍ਰਿਤੀ ਵਾਲੀ ਹੀ ਸੀ। ਇਸ ਲਈ ਉਸਦਾ ਲੋਕ-ਸੰਸਕ੍ਰਿਤੀ ਨੂੰ ਆਪਣੇ ਬਹੁ-ਬਿਧ ਰੂਪ ਵਿਚੋਂ ਵਿਗਸਤ ਵੇਖਣਾ ਸੁਭਾਵਿਕ ਸੀ। | </p> |
| <p> | ਭਾਵੇਂ ਪੂਰਨ ਸਿੰਘ ਨੇ ਪੰਜਾਬੀ ਕਾਵਿ ਦੀਆਂ ਕਈ ਪਰੰਪਰਾਗਤ ਰੂੜ੍ਹੀਆਂ ਤਿਆਗ ਦਿਤੀਆਂ ਅਤੇ ਉਸ ਦੇ ਛੰਦਾ ਬੰਦੀ ਦੀ ਕੈਦ ਨੂੰ | </p> |

| | | |
|---|---|---|
| | ਨਹੀਂ ਅਪਣਾਇਆ, ਪਰ ਉਹਦੇ ਸ਼ਬਦਾਂ ਵਿਚ ਜੋ ਜ਼ਜ਼ਬੇ ਦੀ ਡੂੰਘਾਈ ਤੇ ਸਹਿਜ ਸੰਗੀਤ ਹੈ, ਉਹਦੇ ਬਿੰਬਾਂ ਵਿਚ ਜੋ ਆਤਮਾ ਧੜਕਦੀ ਹੈ, ਉਹ ਉਸ ਨੇ ਲੋਕ-ਸੰਸਕ੍ਰਿਤੀ ਵਿਚ ਹੀ ਗ੍ਰਹਿਣ ਕੀਤੀ ਸੀ। | |
| <p> | ਪ੍ਰੋ: ਪੂਰਨ ਸਿੰਘ ਵਿਗਿਆਨ ਦਾ ਵਿਦਿਆਰਥੀ ਸੀ, ਜਾਪਾਨ ਵਰਗੇ ਉਨਤ ਦੇਸ਼ ਵਿਚੋਂ ਸ਼ਿਖਸ਼ਾ ਪ੍ਰਾਪਤ ਕਰਨ ਕਰਕੇ ਉਹਦੀ ਦ੍ਰਿਸ਼ਟੀ ਵਿਗਿਆਨਕ ਹੋ ਗਈ ਸੀ। ਪਰ ਪੁਰਾਣੀ ਸੰਸਕ੍ਰਿਤੀ ਦੇ ਵਿਨੋਦ ਅਤੇ ਨਵੀਂ ਵਿਗਿਆਨ ਸੰਸਕ੍ਰਿਤੀ ਦੇ ਬੋਧ ਦੋਹਾਂ ਨੂੰ ਮਾਨਣ ਦਾ ਉਹ ਇਛਕ ਸੀ। ਜਿਸ ਕਰਕੇ ਉਹਦੀ ਰਚਨਾ ਵਿਚ ਇਕ ਵਿਲਖਣਤਾ ਆ ਗਈ । | </p> |
| <p> | ਲੋਕ ਧਰਮ ਵਿਚੋਂ ਪੂਰਨ ਸਿੰਘ ਨੇ ਆਪਣਾ ਨਾਇਕ 'ਪੂਰਨ ਭਗਤ' ਚੁਣਿਆ ਹੈ। ਇਸ ਕਥਾ ਦੀ ਪੰਜਾਬ ਦੇ ਪੁਰਾਣੇ ਸੰਸਕ੍ਰਿਤਕ ਵਿਰਸੇ ਨਾਲ ਸੰਘਣੀ ਸਾਂਝ ਹੈ, ਪੰਜਾਬੀਆਂ ਦੇ ਚਰਿਤ੍ਰ ਦੇ ਕਈ ਪੱਖ ਇਸ ਕਥਾ ਵਿਚ ਆਪਣੇ ਬਹੁਬਿਧ ਰੂਪ ਵਿਚ ਉਜਾਗਰ ਹਨ। ਇਸ ਕਥਾ ਦੇ ਲਗਭਗ ਸਭ ਪਾਤਰ ਪੰਜਾਬੀਆਂ ਦੀਆਂ ਭਿੰਨ ਭਿੰਨ ਬਿਰਤੀਆਂ ਦੀ ਪ੍ਰਤੀਨਿਧਤਾ ਕਰਦੇ ਹਨ। ਪੰਜਾਬੀ ਕਥਾ ਪਰੰਪਰਾ ਅਨੁਸਾਰ ਇਸ ਕਥਾ ਦੇ ਅੰਤ ਵਿਚ ਸਚ ਦੀ ਵਿਜੈ ਹੁੰਦੀ ਹੈ, ਪੂਰਨ ਦੇ ਆਚਾਰਨ ਦੀ ਸੁਚਤਾ, ਇਛਰਾਂ ਮਾਂ ਦਾ ਵਾਸਤਲ ਪ੍ਰੇਮ, ਜੋ ਭਗਤੀ ਦੀ ਪਦਵੀ ਨੂੰ ਜਾ ਛੁਹੰਦਾ ਹੈ, ਸੁੰਦਰਾਂ ਦਾ ਪੂਰਨ ਦੇ ਪ੍ਰੇਮ ਵਿਚ ਆਤਮ-ਸਮਰਪਣ, ਪੂਰਨ ਦੇ ਹਿਰਦੇ ਵਿਚ ਅਤਿਆਚਾਰਾਂ ਦੇ ਬਾਵਜੂਦ ਵੀ, ਸਲਵਾਨ ਅਤੇ ਲੂਣਾ ਪ੍ਰਤੀ ਪਿਤ੍ਰੀ ਮਾਤ੍ਰੀ ਆਦਰ ਭਾਵ | </p> |

| | | |
|---|---|---|
| | ਕਾਇਮ ਰਹਿਣੇ ਆਦਿ ਸਭ ਸਥਾਨਿਕ ਰੂੜੀਆਂ ਸ਼ੁਧ ਪੰਜਾਬੀ ਹਨ ਅਤੇ ਪੰਜਾਬੀ ਸੰਸਕ੍ਰਿਤੀ ਦੀ ਬੁਨਿਆਦ ਇਨ੍ਹਾਂ ਉਤੇ ਹੀ ਧਰੀ ਗਈ। ਇਹ ਕਿੱਸਾ ਨੈਤਿਕਤਾ ਦਾ ਪੱਖ ਪੂਰਦਾ ਹੈ ਅਤੇ ਆਸਤਿਕਤਾ ਵਿਚ ਸਾਡਾ ਵਿਸਵਾਸ਼ ਜਗਾਂਦਾ ਹੈ। ਉਪ੍ਰੋਕਤ ਗੁਣਾਂ ਸਦਕਾ ਹੀ ਇਸ ਕਥਾ ਦਾ ਪੂਰਨ ਸਿੰਘ ਤੇ ਭਾਵੁਕ ਮਨ ਉਤੇ ਇਤਨਾ ਤੀਬਰ ਅਸਰ ਹੋਇਆ ਕਿ ਕਾਦਰਯਾਰ ਦਾ ਪੂਰਨ ਭਗਤ ਪੜ੍ਹਨ ਮਗਰੋਂ ਇਹ ਕਥਾ ਇਕ ਪ੍ਰਵਾਹ ਦਾ ਰੂਪ ਧਾਰ ਕੇ ਪੂਰਨ ਸਿੰਘ ਦੀ ਕਲਮ ਵਿਚੋਂ ਫੁਟ ਨਿਕਲੀ। | |
| <p> | ਪ੍ਰੋ: ਪੂਰਨ ਸਿੰਘ ਨੇ ਜੋ ਨਾਇਕ ਆਪਣੀ ਕਲਪਨਾ ਵਿਚੋਂ ਸਿਰਜੇ ਹਨ, ਉਨ੍ਹਾਂ ਦੀ ਮੁਖੀ ਖਾਸੀਅਤ ਵੀ ਪ੍ਰੇਮ ਹੈ। 'ਜੰਗਲੀ ਫੁਲ' ਕਵਿਤਾ ਵਿਚ ਮੁਟਿਆਰ ਦੀ ਝੁਗੀ ਵਿਚ ਜਦੋਂ ਪ੍ਰੇਮ ਦੀ ਜੋਤ ਉਦੈ ਹੋਈ ਤਾਂ ਪੂਰਨ ਸਿੰਘ ਨੂੰ ਇਹ ਝੁਗੀ ਮੰਦਰ ਵਾਂਗ ਵਿਖਾਈ ਦਿਤੀ : | </p> |

</body></text>
</Doc>